ੴ ਵਾਹਿਗੁਰੂ ਜੀ ਕੀ ਫ਼ਤਹ ॥

# ਸ੍ਰੀ ਅਕਾਲ ਤਖ਼ਤ ਸਾਹਿਬ

Sri Akal Takhat Sahib, Sri Amritsar (Pb.) India

ਨੰਬਰ ਰਮ:3/10/3305.                                                  ਮਿਤੀ 14-7-2010.

## ਆਦੇਸ਼

26 ਸਾਲ ਬੀਤ ਗਏ ਹਨ ਹਜ਼ਾਰਾਂ ਦੀ ਗਿਣਤੀ ਵਿਚ ਸਿਖਾਂ ਦਾ ਕਤਲ ਕੀਤਾ ਗਿਆ, ਸੈਂਕੜੇ ਗੁਰਦੁਆਰਾ ਸਾਹਿਬਾਨ ਤੇ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਨੂੰ ਅਗਨ ਭੇਟ ਕਰਕੇ ਸੁਆਹ ਕੀਤਾ ਗਿਆ ਜੋ ਕਿ ਇਕ ਤਰਾਂ ਨਾਲ ਸਿਖ ਧਰਮ 'ਤੇ ਸਿੱਧਾ ਹਮਲਾ ਸੀ। ਨਵੰਬਰ 1984 ਦੇ ਸਿਖ ਕਤਲੇਆਮ ਨੂੰ ਕਿਸੇ ਨੇ ਸਿਖ ਵਿਰੋਧੀ ਦੰਗੇ ਕਿਹਾ ਤੇ ਕਿਸੇ ਨੇ ਸਿਖ ਕਤਲੇਆਮ ਪਰ ਜਿਸ ਤਰੀਕੇ ਨਾਲ ਸੋਚੀ ਸਮਝੀ ਸਾਜਿਸ਼ ਤਹਿਤ ਇਕ ਵਿੱਢੀ ਹੋਈ ਮੁਹਿੰਮ ਚਲਾਕੇ ਦੇਸ਼ ਭਰ ਦੇ 18 ਰਾਜਾਂ ਤੇ 110 ਸ਼ਹਿਰਾਂ 'ਚ ਹਜ਼ਾਰਾਂ ਹੀ ਬੇਕਸੂਰ ਸਿਖਾਂ ਦਾ ਕਤਲ ਕਰ ਦਿੱਤਾ ਗਿਆ ਉਹ ਮਨੁੱਖੀ ਅਧਿਕਾਰਾਂ ਦੀ ਹੁਣ ਤੱਕ ਦੀ ਸੱਭ ਤੋਂ ਵੱਡੀ ਤੇ ਘੋਰ ਉਲੰਘਣਾ ਹੈ ਜਿਸ ਨੂੰ ਸਿਖ ਨਸਲਕੁਸ਼ੀ ਕਿਹਾ ਜਾਣਾ ਚਾਹੀਦਾ ਹੈ। ਹਰ ਥਾਂ 'ਤੇ ਚੁਣ-ਚੁਣ ਕੇ ਸਿਖਾਂ ਨੂੰ ਮਾਰਨਾ ਸਿਖ ਨਸਲਕੁਸ਼ੀ ਨਹੀਂ ਤਾਂ ਹੋਰ ਕੀ ਸੀ। ਸ੍ਰੀ ਅਕਾਲ ਤਖਤ ਸਾਹਿਬ ਇਸ ਸਚਾਈ ਨੂੰ ਪ੍ਰਮਾਣਿਤ ਕਰ ਚੁਕਾ ਹੈ ਤੇ ਸਿਖ ਕਤਲੇਆਮ ਨੂੰ ਸਿਖ ਨਸਲਕੁਸ਼ੀ ਵਜੋਂ ਮਾਨਤਾ ਦੇ ਚੁਕਾ ਹੈ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਰਹਿੰਦੇ ਸਿਖ ਭਾਈਚਾਰੇ ਦੇ ਲੋਕ, ਸਿਖ ਜਥੇਬੰਦੀਆਂ, ਮੀਡੀਆ ਤੇ ਹੋਰ ਸੰਗਠਨ ਨਵੰਬਰ 1984 ਦੇ ਸਿਖ ਕਤਲੇਆਮ ਨੂੰ ਸਿਖ ਨਸਲਕੁਸ਼ੀ ਕਹਿਣ। ਅਮਰੀਕਾ ਸਥਿਤ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਤੇ ਇਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਦੇ ਅਣਥੱਕ ਯਤਨਾਂ ਸਦਕਾ ਨਵੰਬਰ 1984 ਸਿਖ ਨਸਲਕੁਸ਼ੀ ਬਾਰੇ ਸਹੀ ਅੰਕੜੇ, ਤੱਥ, ਸਹੀ ਜਾਣਕਾਰੀ ਜਗ ਜਾਹਿਰ ਹੋਈ ਹੈ ਤੇ ਕੌਮਾਂਤਰੀ ਪੱਧਰ 'ਤੇ ਇਸ ਬਾਰੇ ਵੱਧ ਤੋਂ ਵੱਧ ਲੋਕਾਂ ਵਿਚ ਜਾਗਰੂਕਤਾ ਪੈਦਾ ਕੀਤੀ ਜਾ ਰਹੀ ਹੈ ਜੋ ਕਿ ਇਕ ਵਡਮੁੱਲਾ ਯੋਗਦਾਨ ਹੈ। ਸਿਖਸ ਫਾਰ ਜਸਟਿਸ ਦੀ ਬਦੌਲਤ ਹੀ ਸਿਖ ਕਤਲੇਆਮ ਨੂੰ ਸਿਖ ਨਸਲਕੁਸ਼ੀ ਵਜੋਂ ਮਾਨਤਾ ਦੇਣ ਲਈ ਕੈਨੇਡਾ ਦੀ ਸੰਸਦ ਵਿਚ ਪਟੀਸ਼ਨ ਪੇਸ਼ ਕੀਤੀ ਜਾ ਸਕੀ ਹੈ ਜੋ ਕਿ ਇਕ ਅਹਿਮ ਤੇ ਬਹੁਤ ਵੱਡੀ ਪ੍ਰਾਪਤੀ ਹੈ। ਸਿਖਸ ਫਾਰ ਜਸਟਿਸ ਅਕਾਲ ਤਖਤ ਵਲੋਂ ਪ੍ਰਮਾਣਿਤ ਸੰਸਥਾ ਹੈ ਤੇ ਇਸ ਵਲੋਂ ਨਵੰਬਰ 84 ਸਿਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਅਤੇ ਸਿਖ ਕਤਲੇਆਮ ਨੂੰ ਸਿਖ ਨਸਲਕੁਸ਼ੀ ਵਜੋਂ ਮਾਨਤਾ ਦਿਵਾਉਣ ਲਈ ਹੁਣ ਤੱਕ ਦੀ ਕੀਤੀ ਜਾ ਰਹੀ ਜਦੋ ਜਹਿਦ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਸਮਰਥਨ ਪ੍ਰਾਪਤ ਹੈ ਅਤੇ ਹਰ ਸਿਖ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸੰਸਥਾ ਦਾ ਵਧ ਤੋਂ ਵੱਧ ਸਾਥ ਦੇਕੇ 1984 ਦੀ ਸਿਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਇਆ ਜਾਵੇ ਤੇ ਇਸ ਦੇ ਦੋਸ਼ੀਆਂ ਜੋ ਕਿ ਹੁਣ ਤੱਕ ਸਜ਼ਾ ਤੋਂ ਬਚਦੇ ਆ ਰਹੇ ਹਨ ਨੂੰ ਸਜ਼ਾਵਾਂ ਦਿਵਾਈਆਂ ਜਾਣ।

( ਇਕਬਾਲ ਸਿੰਘ)
ਜਥੇਦਾਰ ਤਖ਼ਤ ਸ੍ਰੀ ਹਰਿਮੰਦਰ ਜੀ,
ਪਟਨਾ ਸਾਹਿਬ (ਬਿਹਾਰ)

( ਗੁਰਬਚਨ ਸਿੰਘ )
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

( ਤਰਲੋਚਨ ਸਿੰਘ )
ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,
ਸ੍ਰੀ ਅਨੰਦਪੁਰ ਸਾਹਿਬ।

( ਮਾਨ ਸਿੰਘ )
ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ।

( ਰਵੇਲ ਸਿੰਘ )
ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ,
ਸ੍ਰੀ ਅੰਮ੍ਰਿਤਸਰ।

ਫ਼ੋਨ/ਫੈਕਸ ਦਫ਼ਤਰ : 91-183-2540820, ਪੀ.ਬੀ.ਐਕਸ : 91-183-2553957, 58, 59 ਐਕਸਟੈਨਸ਼ਨ : ਦਫ਼ਤਰ 434